ਮੁਖਵਾਕ ਨੰਬਰ ੭੦ [ਆਦਿ ਅੰਗ ੬੩੯]

***ਸੋਰਠਿ ਮਹਲਾ ੫ ਘਰੁ ੧ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ॥ ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ ॥ ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਅਪਣੀ ਵਥੁ ॥ ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ ॥ ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ ॥੧॥ ਮੇਰੇ ਮਨ ਜਪੀਐ ਹਰਿ ਭਗਵੰਤਾ ॥ ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ ॥ ਰਹਾਉ ॥ ਜਾ ਕੈ ਘਰਿ ਸਭੁ ਕਿਛੁ ਹੈ ਭਾਈ ਨਉ ਨਿਧਿ ਭਰੇ ਭੰਡਾਰ ॥ ਤਿਸ ਕੀ ਕੀਮਤਿ ਨਾ ਪਵੈ ਭਾਈ ਊਚਾ ਅਗਮ ਅਪਾਰ ॥ ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ ॥ ਸਤਿਗੁਰੁ ਪੂਰਾ ਭੇਟੀਐ ਭਾਈ ਸਬਦਿ ਮਿਲਾਵਣਹਾਰ ॥੨॥ ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥ ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥ ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥ ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥ ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ ॥ ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ ॥ ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ ਤਿਤੁ ਦਿਨਿ ਮਰੀਐ ਝੂਰਿ ॥ ਕਰਨ ਕਰਾਵਨ ਸਮਰਥੋ ਭਾਈ ਸਰਬ ਕਲਾ ਭਰਪੂਰਿ ॥੪॥ ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥ ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥ ਗੁਰਮੁਖਿ ਕਮਲੁ ਪ੍ਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ ॥ ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ ਧਰਤਿ ਅਕਾਸੁ ॥੫॥ ਗੁਰਿ ਪੂਰੈ ਸੰਤੋਖਿਆ ਭਾਈ ਅਹਿਨਿਸਿ ਲਾਗਾ ਭਾਉ ॥ ਰਸਨਾ ਰਾਮੁ ਰਵੈ ਸਦਾ ਭਾਈ ਸਾਚਾ ਸਾਦੁ ਸੁਆਉ ॥ ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲੁ ਪਾਇਆ ਥਾਉ ॥ ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ ॥੬॥ ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ ॥ ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ ॥ ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ ॥ ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ ॥੭॥ ਤਿਸੁ ਬਿਨੁ ਘੜੀ ਨ ਜੀਵੀਐ ਭਾਈ ਸਰਬ ਕਲਾ ਭਰਪੂਰਿ ॥ ਸਾਸਿ ਗਿਰਾਸਿ ਨ ਵਿਸਰੈ ਭਾਈ ਪੇਖਉ ਸਦਾ ਹਜੂਰਿ ॥ ਸਾਧੂ ਸੰਗਿ ਮਿਲਾਇਆ ਭਾਈ ਸਰਬ ਰਹਿਆ ਭਰਪੂਰਿ ॥ ਜਿਨਾ ਪ੍ਰੀਤਿ ਨ ਲਗੀਆ ਭਾਈ ਸੇ ਨਿਤ ਨਿਤ ਮਰਦੇ ਝੂਰਿ ॥੮॥ ਅੰਚਲਿ ਲਾਇ ਤਰਾਇਆ ਭਾਈ ਭਉਜਲੁ ਦੁਖੁ ਸੰਸਾਰੁ ॥ ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ਕੀਤੋਨੁ ਅੰਗੁ ਅਪਾਰੁ ॥ ਮਨੁ ਤਨੁ ਸੀਤਲੁ ਹੋਇਆ ਭਾਈ ਭੋਜਨੁ ਨਾਮ ਅਧਾਰੁ ॥ ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ ॥੯॥੧॥***

## ***ਸੋਰਠਿ ਮਹਲਾ ੫ ਘਰੁ ੧ ਅਸਟਪਦੀਆ ੧ੴ ਸਤਿਗੁਰੁ ਪ੍ਰਸਾਦਿ ॥***

ਇਹ ਮਹਾਂਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸੋਰਠਿ ਰਾਗਣੀ ਦੇ ਪਹਿਲੇ ਸੁਰ ਤਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੬੩੯ 'ਤੇ ਅੰਕਿਤ ਹੈ। ਅੱਠ ਪਦਾਂ ਵਾਲੇ ਸ਼ਬਦ ਹੋਣ ਕਰਕੇ ਅਸਟਪਦੀਆ ਲਿਖਿਆ ਹੈ ਪਹਿਲਾਂ ਵਸਤੂ ਨਿਰਦੇਸ਼ ਮੰਗਲ ਕਰਦੇ ਹਨ :—੧ੴ ਸਤਿਗੁਰੂ ਪ੍ਰਸਾਦਿ=੧. ਅਦੁੱਤੀ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ।

PDF created with pdfFactory Pro trial version www.pdffactory.com

## ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ ॥

ਹੇ ਭਾਈ ! ਜਿਸ ਵਾਹਿਗੁਰੂ ਨੇ ਇਹ ਸਾਰਾ ਜਗਤ ਪੈਦਾ ਕੀਤਾ ਹੈ ਉਹ ਮਾਇਆ ਰੂਪ ਕਾਰਨ ਅਤੇ ਸੰਸਾਰ ਰੂਪ ਕਾਰਜ ਦੇ ਕਰਨ ਨੂੰ ਸਮਰਥ ਹੈ।

## ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਅਪਣੀ ਵਥੁ ॥

ਜਿਸ ਨੇ ਆਪਣੀ ਚੇਤਨ ਸੱਤਾ ਰੂਪ ਵਥ ਵਸਤੂ ਨੂੰ ਦੇ ਕਰਕੇ ਜੀਵ ਨੂੰ ਅਤੇ ਪਿੰਡ=ਸਰੀਰ ਨੂੰ ਸਾਜਣਾ ਕੀਤਾ ਹੈ।

## ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ ॥

ਹੇ ਭਾਈ ! ਜੋ ਇਕ ਕਰਤਾ ਪੁਰਖ ਅਕਥੁ=ਕਥਨ ਤੋਂ ਰਹਿਤ ਹੈ ਉਸਨੂੰ ਕਿਸ ਤਰ੍ਹਾਂ ਕਹੀਐ=ਕਥਨ ਕਰੀਏ ਅਤੇ ਕਿਸ ਪ੍ਰਕਾਰ ਦੇਖੀਐ=ਦੇਖਣਾ ਕਰੀਏ ?

ਯਥਾ— **ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥** [ਸੋਰਠਿ ਮਹਲਾ ੧, ਅੰਗ ੬੩੫]

ਇਹ ਪ੍ਰਸ਼ਨ ਜਗਿਆਸੂ ਵੱਲੋਂ ਹੈ ਇਸ ਦਾ ਉੱਤਰ :—

## ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ ॥੧॥

ਹੇ ਭਾਈ ! ਗੁਰੂ ਦੀ ਸਿੱਖਿਆ ਦੁਆਰੇ ਗੋ=ਬੇਦਾਂ ਕਰਕੇ ਵਿੰਦੁ=ਜਾਨਣੇ ਯੋਗ ਪ੍ਰਮੇਸ਼ਰ ਨੂੰ ਸਲਾਹੀਐ=ਸਲਾਹਣਾ ਕਰੀਏ ਜਿਸ ਤੋਂ ਤਥੁ=ਸਿਧਾਂਤ ਰੂਪ ਪ੍ਰਮਾਤਮਾ ਜਾਪੈ=ਜਾਨਿਆ ਜਾਂਦਾ ਹੈ।

## ਮੇਰੇ ਮਨ ਜਪੀਐ ਹਰਿ ਭਗਵੰਤਾ ॥

ਹੇ ਮੇਰੇ ਮਨ ! ਹਰਿ=ਵਾਹਿਗੁਰੂ ਭਗਵਾਨ ਨੂੰ ਜਪਣਾ ਚਾਹੀਦਾ ਹੈ॥

## ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ ॥ ਰਹਾਉ ॥

ਜੋ ਆਪਣੇ ਸੇਵਕਾਂ ਨੂੰ ਨਾਮ ਦਾ ਦਾਨ ਦਿੰਦਾ ਹੈ ਅਥਵਾ ਦਾਨ ਵਜੋਂ ਨਾਮ ਦਿੰਦਾ ਹੈ। ਜੰਮਣ ਮਰਨ ਦੇ ਦੁਖ ਅਤੇ ਈਰਖਾ ਦੇ ਦਰਦ ਦਾ ਹੰਤਾ=ਨਾਸ ਕਰਨ ਵਾਲਾ ਹੈ। ਨਾਮ ਉਹੀ ਪ੍ਰਾਪਤ ਕਰਦਾ ਹੈ ਜਿਸ 'ਤੇ ਵਾਹਿਗੁਰੂ ਰਹਿਮਤ ਕਰਕੇ ਦਾਨ ਵਜੋਂ ਬਖ਼ਸ਼ਿਸ਼ ਕਰ ਦੇਵੇ।

ਯਥਾ— **੧. ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ ਮੇਲਾਇਦਾ ॥** [ਮਾਰੂ ਮਹਲਾ ੩, ਅੰਗ ੧੦੬੨]

**੨. ਨਾਮ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ ॥** [ਆਸਾ ਮਹਲਾ ੫, ਅੰਗ ੪੦੧]

**੩. ਨਾਮ ਦਾਨੁ ਨਾਨਕ ਵਡਿਆਈ ਤੇਰਿਆ ਸੰਤ ਜਨਾ ਰੇਣਾਰੀ ॥** [ਰਾਮਕਲੀ ਮਹਲਾ ੫, ਅੰਗ ੯੧੬]

## ਜਾ ਕੈ ਘਰਿ ਸਭੁ ਕਿਛੁ ਹੈ ਭਾਈ ਨਉ ਨਿਧਿ ਭਰੇ ਭੰਡਾਰ ॥

ਹੇ ਭਾਈ ! ਜਿਸ ਵਾਹਿਗੁਰੂ ਦੇ ਘਰ ਵਿੱਚ ਸਭ ਤਰ੍ਹਾਂ ਦੇ ਪਦਾਰਥ ਹਨ ਅਤੇ ਨਉਂ ਨਿਧੀਆਂ ਦੇ ਭੰਡਾਰੇ ਭਰੇ ਹੋਏ ਹਨ।

PDF created with pdfFactory Pro trial version www.pdffactory.com

## ਤਿਸ ਕੀ ਕੀਮਤਿ ਨਾ ਪਵੈ ਭਾਈ ਊਚਾ ਅਗਮ ਅਪਾਰ ॥

ਹੇ ਭਾਈ! ਉਸ ਪ੍ਰਭੂ ਦੀ ਪ੍ਰਾਪਤੀ ਰੂਪ ਕੀਮਤ ਨਹੀਂ ਪਾਈ ਜਾ ਸਕਦੀ ਉਹ ਅਪਾਰ=ਪਾਰਾਵਾਰ ਤੋਂ ਰਹਿਤ ਅ+ਗਮ=ਖੌਫ ਤੋਂ ਰਹਿਤ ਅਤੇ ਸਭ ਤੋਂ ਊਚਾ ਅਪਾਰ=ਬੇਅੰਤ ਗੁਣਾਂ ਵਾਲਾ ਹੈ।

ਯਥਾ— **ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥** [ਦੇਵਗੰਧਾਰੀ ਮਹਲਾ ੫, ਅੰਗ ੫੩੪]

## ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ ॥

ਹੇ ਭਾਈ! ਉਹ ਸਾਰੇ ਜੰਤ=ਸੂਖਮ ਅਤੇ ਜੀਅ=ਅਸਥੂਲ ਜੀਵਾਂ ਦੇ ਪ੍ਰਤਿ=ਤਾਈਂ ਪਾਲਦਾ ਹੈ ਅਤੇ ਨਿਤ ਨਿਤ=ਹਮੇਸ਼ਾਂ-ਹਮੇਸ਼ਾਂ ਸਾਰ=ਸੰਭਾਲ ਕਰਦਾ ਹੈ।

## ਸਤਿਗੁਰੁ ਪੂਰਾ ਭੇਟੀਐ ਭਾਈ ਸਬਦਿ ਮਿਲਾਵਣਹਾਰ ॥੨॥

ਹੇ ਭਾਈ! ਪੂਰਿਆਂ ਸਤਿਗੁਰਾਂ ਨੂੰ ਭੇਟੀਐ=ਮਿਲਣਾ ਚਾਹੀਦਾ ਹੈ ਜੋ ਸਬਦਿ=ਬ੍ਰਹਮ ਦੇ ਨਾਲ ਮਿਲਾਉਣ ਵਾਲੇ ਹਨ।

## ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥

ਹੇ ਭਾਈ! ਸੱਚੇ ਗੁਰੂ ਦੇ ਚਰਨਾਂ ਦੀ ਸੇਵਾ ਕਰੀਏ ਤਾਂ ਪੰਜ ਕਿਸਮ ਦਾ ਭਰਮ ਅਤੇ ਸੱਤ ਕਿਸਮ ਦਾ ਡਰ ਨਾਸ ਹੋ ਜਾਂਦਾ ਹੈ।

## ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥

ਹੇ ਭਾਈ! ਸੰਤ=ਸ਼ਾਂਤ ਆਤਮਾ ਮਹਾਂਪੁਰਸ਼ਾਂ ਦੀ ਸਭਾ=ਸੰਗਤ ਵਿੱਚ ਉਨ੍ਹਾਂ ਦੇ ਉਪਦੇਸ਼ ਦੁਆਰਾ ਮਨ ਨੂੰ ਮਾਂਜਣਾ ਕਰੀਏ ਤਾਂ ਹਰਿ=ਵਾਹਿਗੁਰੂ ਦੇ ਨਾਮ ਵਿੱਚ ਨਿਵਾਸ ਹੁੰਦਾ ਹੈ।

## ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥

ਹੇ ਭਾਈ! ਗਿਆਨ ਰੂਪ ਸੂਰਜ ਦੇ ਚੜ੍ਹਨ ਕਰਕੇ ਇਕ ਤਾਂ ਅਗਿਆਨਤਾ ਰੂਪ ਅੰਧੇਰਾ ਦੂਰ ਹੋ ਜਾਂਦਾ ਹੈ; ਦੂਸਰਾ ਹਿਰਦਾ ਰੂਪ ਕਮਲ ਪਰਗਾਸੁ=ਖਿੜ ਜਾਂਦਾ ਹੈ ਭਾਵ ਅਨੰਦਦਾਇਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

## ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥

ਹੇ ਭਾਈ! ਗੁਰਾਂ ਦੇ ਬਚਨੀ=ਬਚਨ ਉਪਦੇਸ਼ ਕਰਕੇ ਸੁਖ ਊਪਜੈ=ਪੈਦਾ ਹੁੰਦਾ ਹੈ ਕਿਉਂਕਿ ਸਾਰੇ ਫਲ ਸਤਿਗੁਰੂ ਜੀ ਦੇ ਪਾਸ ਹਨ। ਸਤਿਗੁਰੂ ਸਾਰਿਆਂ ਫਲਾਂ ਦਾ ਮਾਲਕ ਹੈ।

## ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ ॥

ਹੇ ਭਾਈ! ਪਦਾਰਥਾਂ ਦਾ ਮੋਹ ਭਾਵ ਇਹ ਭਾਵਨਾ ਕਿ ਇਹ ਵਸਤੂ ਮੇਰੀ ਹੈ ਅਤੇ ਐਸੀ ਦਵੈਸ਼ ਭਾਵਨਾ ਇਹ ਵਸਤੂ ਤੇਰੀ ਹੈ ਇਹ ਭੀ ਇਕ ਖੋਟਾ ਸੁਭਾਵ ਹੈ। ਜਿਸਨੂੰ ਮੇਰ ਤੇਰ ਵਾਲਾ ਸੁਭਾਅ ਕਿਹਾ ਜਾਂਦਾ ਹੈ। ਸਤਿਗੁਰੂ ਹੁਕਮ ਕਰਦੇ ਹਨ ਕਿ ਮੇਰ ਤੇਰ ਵਾਲੇ ਸੁਭਾਅ ਨੂੰ ਛੱਡ ਕੇ ਸਾਰਿਆਂ ਦੀ ਚਰਨ ਧੂੜ ਹੋਈਏ ਭਾਵ ਨਿਮਰਤਾ ਧਾਰੀਏ।

PDF created with pdfFactory Pro trial version www.pdffactory.com

## ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ ॥

ਹੇ ਭਾਈ! ਘਟਿ ਘਟਿ=ਹਿਰਦੇ-੨ ਵਿੱਚ ਅਥਵਾ ਸਾਰੀ ਜਗ੍ਹਾਂ ਬ੍ਰਹਮ ਨੇ ਆਪਣੇ ਆਪ ਨੂੰ ਪਸਾਰਿਆ= ਵਿਆਪਕ ਕੀਤਾ ਹੋਇਆ ਹੈ ਹਜੂਰਿ=ਨੇੜੇ ਹੋ ਕੇ ਹਰ ਇੱਕ ਦੇ ਕਰਤਬਾਂ ਨੂੰ ਪੇਖੈ=ਵੇਖਦਾ ਹੈ ਅਤੇ ਸਭ ਦੀਆਂ ਗੱਲਾਂ ਨੂੰ ਸੁਣੈ=ਸੁਣਦਾ ਹੈ।

## ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ ਤਿਤੁ ਦਿਨਿ ਮਰੀਐ ਝੂਰਿ ॥

ਹੇ ਭਾਈ! ਐਸਾ ਪਾਰਬ੍ਰਹਮ ਪ੍ਰਮੇਸ਼ਰ ਜਿਤੁ=ਜਿਸ ਦਿਨ ਵਿਸਰੈ=ਭੁੱਲ ਜਾਂਦਾ ਹੈ ਉਸ ਦਿਨ ਝੂਰਿ-ਝੂਰਿ ਕੇ ਮਰਨਾ ਹੁੰਦਾ ਹੈ।

## ਕਰਨ ਕਰਾਵਨ ਸਮਰਥੋ ਭਾਈ ਸਰਬ ਕਲਾ ਭਰਪੂਰਿ ॥੪॥

ਹੇ ਭਾਈ! ਉਹ ਪ੍ਰਮਾਤਮਾ ਸਾਰੇ ਕਾਰਜਾਂ ਨੂੰ ਕਰਾਉਣ ਦੇ ਸਮਰਥ ਹੈ ਅਤੇ ਸਰਬ ਸ਼ਕਤੀਆਂ ਨਾਲ ਭਰਪੂਰ ਹੈ।

## ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥

ਹੇ ਭਾਈ! ਪ੍ਰੇਮ ਪਦਾਰਥ ਸਾਰੇ ਨਾਮੁ=ਪ੍ਰਸਿੱਧ ਹੈ ਜਿਸ ਪ੍ਰੇਮ ਕਰਕੇ ਮਾਇਆ ਦਾ ਮੋਹ ਬਿਨਾਸੁ=ਵਿਸ਼ੇਸ਼ ਕਰਕੇ ਨਾਸ ਹੁੰਦਾ ਹੈ।

## ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥

ਹੇ ਭਾਈ! ਜੇਕਰ ਜਗਿਆਸੂ ਦਾ ਪ੍ਰੇਮ ਤਿਸ ਵਾਹਿਗੁਰੂ ਨੂੰ ਭਾ ਜਾਵੇ ਤਾਂ ਪ੍ਰਮੇਸ਼ਰ ਜਗਿਆਸੂ ਦੇ ਹਿਰਦੇ ਵਿੱਚ ਨਾਮ ਦਾ ਵਾਸਾ ਕਰਕੇ ਆਪਣੇ ਨਾਲ ਜੋੜ ਲੈਂਦਾ ਹੈ।

## ਗੁਰਮੁਖਿ ਕਮਲੁ ਪ੍ਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ ॥

ਜਿਸ ਵਕਤ ਸਤਿਗੁਰੂ ਦੁਆਰਾ ਪਰਗਾਸੁ=ਗਿਆਨ ਹੋਵੇ ਤਾਂ ਹਿਰਦਾ ਰੂਪੀ ਕਮਲ ਪਰਗਾਸੀਐ=ਖਿੜ ਜਾਂਦਾ ਹੈ।

## ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ ਧਰਤਿ ਅਕਾਸੁ ॥੫॥

ਹੇ ਭਾਈ! ਪ੍ਰਭੂ ਦਾ ਪਰਤਾਪੁ=ਤੇਜ ਸਾਰੇ ਪ੍ਰਗਟੁ=ਪਰਤੱਖ ਹੋ ਰਿਹਾ ਹੈ ਧਰਤੀ-ਅਕਾਸ਼ ਵਿੱਚ ਭੀ ਮਉਲਿਆ= ਮਿਲ ਰਿਹਾ ਹੈ ਅਥਵਾ ਜਿਸਦੀ ਸੱਤਾ ਦੁਆਰਾ ਧਰਤੀ ਅਕਾਸ ਮਉਲਿਆ=ਪ੍ਰਫੁਲਤ ਹੋ ਰਹੇ ਹਨ।

## ਗੁਰਿ ਪੂਰੈ ਸੰਤੋਖਿਆ ਭਾਈ ਅਹਿਨਿਸਿ ਲਾਗਾ ਭਾਉ ॥

ਹੇ ਭਾਈ! ਜਿਸਨੂੰ ਪੂਰੇ ਸਤਿਗੁਰਾਂ ਨੇ ਸੰਤੋਖਿਆ=ਸੰਤੋਖ ਦਿੱਤਾ ਹੈ ਉਸਦਾ ਦਿਨ ਰਾਤ ਪ੍ਰਭੂ ਨਾਲ ਭਾਉ=ਪ੍ਰੇਮ ਲੱਗਿਆ ਹੈ।

## ਰਸਨਾ ਰਾਮੁ ਰਵੈ ਸਦਾ ਭਾਈ ਸਾਚਾ ਸਾਦੁ ਸੁਆਉ ॥

ਹੇ ਭਾਈ! ਜੋ ਜੀਵ ਰਸਨਾ ਨਾਲ ਇਕ ਰਸ ਸਦਾ ਹੀ ਰਾਮੁ=ਰਮੇ ਹੋਏ ਪ੍ਰਮੇਸ਼ਰ ਨੂੰ ਰਵੈ=ਉਚਾਰਨ ਕਰਦਾ ਹੈ ਉਸਨੂੰ ਸਾਚਾ ਸਾਦੁ=ਸੱਚੇ ਅਨੰਦ ਦਾ ਸੁਆਉ=ਲਾਭ ਹੋਇਆ ਹੈ।

PDF created with pdfFactory Pro trial version www.pdffactory.com

## ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲੁ ਪਾਇਆ ਥਾਉ ॥

ਹੇ ਭਾਈ! ਜਿਸਨੇ ਨਿਸਚੇ ਰੂਪੀ ਕੰਨਾਂ ਦੁਆਰਾ ਨਾਮ ਸੁਣ ਸੁਣ ਕੇ ਆਤਮਿਕ ਜੀਵਨ ਜੀਉਣਾ ਕੀਤਾ ਉਸਨੇ ਆਪਣੇ ਸਰੂਪ ਰੂਪੀ ਨਿਹਚਲ ਥਾਂ ਨੂੰ ਪ੍ਰਾਪਤ ਕਰ ਲਿਆ ਹੈ।

## ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ ॥੬॥

ਹੇ ਭਾਈ! ਜਿਸਨੂੰ ਪਰਤੀਤਿ=ਭਰੋਸਾ ਨਹੀਂ ਆਉਂਦਾ ਉਹ ਜੀਅੜਾ=ਜੀਵ ਲੋਕ ਪ੍ਰਲੋਕ ਵਿੱਚ ਜਲਿ ਜਾਉ=ਸੜ ਜਾਂਦਾ ਭਾਵ ਦੁਖ ਪ੍ਰਾਪਤ ਕਰਦਾ ਹੈ। ਅਥਵਾ ਇਸ ਲੋਕ ਵਿੱਚ ਵਿਕਾਰਾਂ ਦੀ ਅੱਗ ਵਿੱਚ ਅਤੇ ਪ੍ਰਲੋਕ ਵਿੱਚ ਦੋਜਕ ਦੀ ਅੱਗ ਵਿਚ ਸੜਦਾ ਹੈ।

## ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ ॥

ਹੇ ਭਾਈ! ਮੇਰੇ ਸਾਹਿਬੈ=ਮਾਲਕ ਵਿੱਚ ਬੇਅੰਤ ਗੁਣ ਹਨ ਮੈਂ ਉਸ ਤੋਂ ਬਲਿਹਾਰ=ਕੁਰਬਾਨ ਜਾਂਦਾ ਹਾਂ।

## ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ ॥

ਹੇ ਭਾਈ! ਉਹ ਪ੍ਰਮੇਸ਼ਰ ਨਿਰਗੁਣਆਰੇ=ਗੁਣਾਂ ਤੋਂ ਹੀਣਿਆਂ ਦੀ ਪਾਲਣਾ ਕਰਦਾ ਹੈ ਅਤੇ ਨਿਥਾਵਿਆਂ ਨੂੰ ਥਾਂ ਦਿੰਦਾ ਹੈ। ਅਥਵਾ ਸ਼ੁਭ ਗੁਣਾਂ ਤੋਂ ਹੀਣੇ ਜੀਵਾਂ ਨੂੰ ਉਪਦੇਸ ਰੂਪ ਪੱਲਾ ਫੜਾ ਕਰਕੇ ਆਪਣੇ ਸਰੂਪ ਵਿੱਚ ਨਿਥਾਵਿਆਂ ਨੂੰ ਥਾਂ ਦਿੰਦਾ ਹੈ।

## ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ ॥

ਹੇ ਭਾਈ! ਉਹ ਪ੍ਰਮੇਸ਼ਰ ਸਭਨਾਂ ਨੂੰ ਹਰੇਕ ਸੁਆਸ ਸੁਆਸ ਵਿੱਚ ਰਿਜਕ ਪਹੁੰਚਾ ਰਿਹਾ ਹੈ ਜਿਸਦਾ ਨਾਮ ਗੂੜ੍ਹਾ ਅਨੰਦ ਦੇਣ ਵਾਲਾ ਹੈ।

## ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ ॥੭॥

ਹੇ ਭਾਈ! ਜਿਸਨੂੰ ਸੱਚਾ ਗੁਰੂ ਭੇਟੀਐ=ਮਿਲਦਾ ਹੈ ਤਿਸਨੂੰ ਪੂਰੇ ਕਰਮਾਉ=ਭਾਗਾਂ ਵਾਲਾ ਸਮਝਣਾ ਕਰੋ।

## ਤਿਸੁ ਬਿਨੁ ਘੜੀ ਨ ਜੀਵੀਐ ਭਾਈ ਸਰਬ ਕਲਾ ਭਰਪੂਰਿ ॥

ਹੇ ਭਾਈ! ਉਹ ਪ੍ਰਮੇਸ਼ਰ ਸਰਬ ਕਲਾਂ ਸਾਰੀਆਂ ਸ਼ਕਤੀਆਂ ਕਰਕੇ ਭਰਪੂਰਿ=ਲਬਾ ਲਬ ਪੂਰਨ ਹੈ। ਤਿਸ ਪ੍ਰਭੂ ਤੋਂ ਬਿਨਾਂ ਇਕ ਘੜੀ ਵੀ ਨਹੀਂ ਜੀਵਿਆ ਜਾਂਦਾ।

## ਸਾਸਿ ਗਿਰਾਸਿ ਨ ਵਿਸਰੈ ਭਾਈ ਪੇਖਉ ਸਦਾ ਹਜੂਰਿ ॥

ਹੇ ਭਾਈ! ਅੰਦਰ ਬਾਹਰ ਸੁਆਸ ਆਉਂਦਿਆਂ ਜਾਂਦਿਆਂ ਪ੍ਰਮਾਤਮਾ ਸਾਨੂੰ ਵਿਸਰਦਾ ਨਹੀਂ ਸਦਾ ਹੀ ਉਸਨੂੰ ਹਜੂਰਿ=ਨੇੜੇ ਦੇਖਦੇ ਹਾਂ।

## ਸਾਧੂ ਸੰਗਿ ਮਿਲਾਇਆ ਭਾਈ ਸਰਬ ਰਹਿਆ ਭਰਪੂਰਿ ॥

ਹੇ ਭਾਈ! ਜੋ ਪ੍ਰਮਾਤਮਾ ਸਾਰੀ ਜਗ੍ਹਾ 'ਤੇ ਪਰੀਪੂਰਨ ਹੋ ਰਿਹਾ ਹੈ ਉਸ ਨਾਲ ਸਾਧੂ=ਗੁਰੂ ਦੀ ਸੰਗਤ ਨੇ ਮਿਲਾਇਆ=ਮਿਲਾਉਣਾ ਕੀਤਾ ਹੈ।

PDF created with pdfFactory Pro trial version www.pdffactory.com

## ਜਿਨਾ ਪ੍ਰੀਤਿ ਨ ਲਗੀਆ ਭਾਈ ਸੇ ਨਿਤ ਨਿਤ ਮਰਦੇ ਝੂਰਿ ॥੮॥

ਹੇ ਭਾਈ! ਜਿਨ੍ਹਾਂ ਜੀਵਾਂ ਦੀ ਉਸ ਪ੍ਰਮੇਸ਼ਰ ਨਾਲ ਪ੍ਰੀਤੀ ਨਹੀਂ ਲੱਗੀ, ਉਹ ਨਿਤ ਨਿਤ=ਨਿਤਾਪ੍ਰਤੀ ਸਦਾ ਹੀ ਝੂਰਿ=ਝੂਰ ਭਾਵ ਦੁਖੀ ਹੋ ਕੇ ਮਰਦੇ ਹਨ।

## ਅੰਚਲਿ ਲਾਇ ਤਰਾਇਆ ਭਾਈ ਭਉਜਲੁ ਦੁਖੁ ਸੰਸਾਰੁ ॥

ਹੇ ਭਾਈ! ਉਸ ਪ੍ਰਮੇਸ਼ਰ ਨੇ ਮੈਨੂੰ ਆਪਣੇ ਨਾਮ ਰੂਪ ਪੱਲੇ ਨਾਲ ਲਾ ਕਰਕੇ ਦੁਖ ਰੂਪ ਸੰਸਾਰ ਸਮੁੰਦਰ ਤੋਂ ਤਰਾਉਣਾ ਕੀਤਾ ਹੈ।

## ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ਕੀਤੋਨੁ ਅੰਗੁ ਅਪਾਰੁ ॥

ਹੇ ਭਾਈ! ਉਸ ਅਪਾਰੁ=ਪਾਰਾਵਾਰ ਤੋਂ ਰਹਿਤ ਵਾਹਿਗੁਰੂ ਨੇ ਮੇਰੇ ਵੱਲ ਕਿਰਪਾ ਦ੍ਰਿਸ਼ਟੀ ਕਰਕੇ ਨਿਹਾਲਿਆ=ਦੇਖਣਾ ਕੀਤਾ ਅਤੇ ਮੇਰਾ ਪੱਖ ਕੀਤਾ ਹੈ।

## ਮਨੁ ਤਨੁ ਸੀਤਲੁ ਹੋਇਆ ਭਾਈ ਭੋਜਨੁ ਨਾਮ ਅਧਾਰੁ ॥

ਹੇ ਭਾਈ! ਜਦੋਂ ਉਸ ਵਾਹਿਗੁਰੂ ਨੇ ਨਾਮ ਰੂਪ ਭੋਜਨ ਦਾ ਅਧਾਰੁ=ਆਸਰਾ ਦਿੱਤਾ ਤਾਂ ਮੇਰਾ ਮਨ ਅਤੇ ਤਨ ਸੀਤਲ=ਸ਼ਾਂਤੀ ਨੂੰ ਪ੍ਰਾਪਤ ਹੋਇਆ।

## ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ ॥੯॥੧॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਹੇ ਭਾਈ! ਮੈਂ ਤਿਸ ਪ੍ਰਮੇਸ਼ਰ ਦੀ ਸਰਨ+ਆਗਤੀ=ਸਰਨ ਵਿੱਚ ਆਇਆ ਹਾਂ ਜੋ ਕਿਲਬਿਖ=ਨਿਸਚੇ ਕਰਕੇ ਜਹਿਰ ਵਰਗੇ ਸਾਰੇ ਪਾਪਾਂ ਦੇ ਕਾਟਣਹਾਰੁ=ਕੱਟਣ ਵਾਲਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੭੧ [ਆਦਿ ਅੰਗ ੬੪੧]

***ਸੋਰਠਿ ਮਹਲਾ ੫ ਘਰੁ ੨ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ॥ ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥ ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥ ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥ ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥ ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥ ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥ ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥ ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥ ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥ ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥ ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥ ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥੧॥੩॥***

## ਸੋਰਠਿ ਮਹਲਾ ੫ ਘਰੁ ੨ ਅਸਟਪਦੀਆਂ ੧ੴ ਸਤਿਗੁਰ ਪ੍ਰਸਾਦਿ ॥

ਇਹ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਉਚਾਰਨ ਕੀਤਾ ਹੋਇਆ ਸੋਰਠਿ ਰਾਗਣੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੪੧ 'ਤੇ ਅੰਕਤ ਹੈ। ਸਤਿਗੁਰੂ ਜੀ ਘਰੁ ੨=ਰਾਗ ਦੇ ਦੂਸਰੇ ਸੁਰ ਤਾਲ ਵਿੱਚ ਅਸਟਪਦੀਆ=ਅੱਠ ਪਦਿਆਂ ਵਾਲਾ ਸ਼ਬਦ ਉਚਾਰਨ ਤੋਂ ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦੇ ਹਨ। ੧=ਅਦੁੱਤੀ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ।

ਇਸ ਸ਼ਬਦ ਵਿੱਚ ਪਰਮਾਤਮਾ ਦੇ ਹਰ ਜਸ ਕੀਰਤਨ ਭਗਤੀ ਬਿਨਾਂ ਹੋਰ ਸਭ ਕਰਮਾਂ ਦੀ ਨਿਖੇਧਤਾ ਕੀਤੀ ਹੈ ਅਤੇ ਸ਼ਿਰੋਮਣੀ ਕਰਮ ਹਰ ਜਸ ਨੂੰ ਕਥਨ ਕੀਤਾ ਹੈ।

## ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥

ਪਾਠੁ=ਸਤੋਤਰਾਂ ਨੂੰ, ਇਨ੍ਹਾਂ ਜੀਵਾਂ ਨੇ ਵਿਆਕਰਣ ਆਦਿ ਪਾਠ ਨੂੰ ਪੜ੍ਹਿਆ ਹੈ ਅਤੇ ਵੇਦਾਂ ਨੂੰ ਬੀਚਾਰਿਓ= ਘੋਖਿਆ ਹੈ। ਨਿਵਲਿ=ਨਿਉਲੀ ਕਰਮ ਇਹ ਦੋ ਤਰ੍ਹਾਂ ਦਾ ਹੁੰਦਾ ਹੈ

੧. ਇਕ ਤਾਂ ਨੇਤੀ ਧੋਤੀ=ਜਿਸ ਦੀ ਪ੍ਰਕ੍ਰਿਆ ਇਸ ਪ੍ਰਕਾਰ ਹੈ। ਨੇਤੀ=ਨੇਤ, ਹਠ ਜੋਗ ਦੀ ਇਕ ਪ੍ਰਕਿਰਿਆ ਇਕ ਗਿਠ ਲੰਮਾ ਸੂਤ ਦਾ ਡੋਰਾ ਬਰੀਕ ਅਤੇ ਕੋਮਲ ਲੈ ਕੇ ਪ੍ਰਾਣਾਂ ਦੇ ਬਲ ਨਾਲ ਨੱਕ ਵਿੱਚ ਚੜ੍ਹਾ ਕੇ ਉਸਦਾ ਸਿਰਾ ਮੁਖ ਵਿੱਚ ਦੀ ਕੱਢਣਾ ਦੋਵੇਂ ਸਿਰੇ ਡੋਰੇ ਦੇ ਫੜ ਕੇ ਨੱਕ ਅਤੇ ਕੰਨ ਦੀ ਸਫਾਈ ਕਰਨੀ ਇਸ ਕਿਰਿਆ ਦਾ ਨਾਮ ਨੇਤੀ ਹੈ। **ਧੋਤੀ**—ਸੰਸਕ੍ਰਿਤ=ਧੌਤਿ=ਜੋ ਗ੍ਰੰਥਾਂ ਅਨੁਸਾਰ ਇੱਕ ਯੋਗ ਦੀ ਕਿਰਿਆ ਜਿਸ ਦੀ ਵਿਆਖਿਆ ਇਹ ਹੈ। ਦੋ ਉਂਗਲ ਚੌੜਾ ਅਤੇ ਅੱਠ ਦੱਸ ਹੱਥ ਲੰਮਾ ਕੱਪੜਾ ਗਿੱਲਾ ਕਰਕੇ ਪਾਣੀ ਦੀ ਸਹਾਇਤਾ ਨਾਲ ਨਿਗਲਣਾ

PDF created with pdfFactory Pro trial version www.pdffactory.com

ਅਰ ਥੋੜ੍ਹਾ ਚਿਰ ਠਹਿਰ ਕੇ ਬਾਹਰ ਕੱਢਣਾ ਇਸ ਤਰ੍ਹਾਂ ਕਰਨ ਨਾਲ ਅੰਤੜੀ ਦੀ ਮੈਲ ਦੂਰ ਹੁੰਦੀ ਹੈ। ਹਠ ਜੋਗ ਦੇ ਅਭਿਆਸੀ ਧੋਤਿ ਵਰਤਦੇ ਹਨ ਅਤੇ ਮਿਹਦਾ ਸਾਫ ਹੁੰਦਾ ਹੈ। ਖਾਲੀ ਪੇਟ ਮੈਲ ਰਹਿਤ ਜੋਗ ਅਭਿਆਸੀਆਂ ਨੇ ਪ੍ਰਣਾਯਾਮ ਵਿੱਚ ਸਹਾਇਕ ਮੰਨਿਆ ਹੈ।

੨. ਸੰਸਕ੍ਰਿਤ ਵਿੱਚ ਨੌਲਿ=ਸਿੱਧੇ ਬੈਠ ਕੇ ਮੋਢੇ ਨਿਹੁੜਾ ਕੇ ਪੇਟ ਨੂੰ ਸੱਜਿਉਂ ਖੱਬੇ ਤੇ ਖੱਬਿਉਂ ਸੱਜੇ ਭੁਆਉਣਾ।

ਯਥਾ— **"ਨਿਉਲੀ ਕਰਮ ਭੁਇਅੰਗਮ ਭਾਠੀ ॥"** [ਮਾਰੂ ਮਹਲਾ ੧, ਅੰਗ ੧੦੪੩]

ਨਿਉਲੀ ਕਰਮ ਕਰਨੇ ਖਟ ਚੱਕਰਾਂ ਵਾਲੀ ਭੁਅੰਗਮ ਨਾੜੀ ਨੂੰ ਭੱਠੀ ਬਣਾਉਣਾ।

ਯਥਾ— **ਨਿਉਲੀ ਕਰਮ ਕਰੈ ਬਹੁ ਆਸਨ ॥** [ਗਉੜੀ ਮਹਲਾ ੫, ਅੰਗ ੨੬੫]

ਭੁਅੰਗਮ ਸਾਧੇ=ਨਾੜੀ ਨੂੰ ਸਾਧਨਾ ਕੀਤਾ, ਇਹ ਹਠ ਜੋਗ ਕਿਰਿਆ ਵਿੱਚ ਮਨ ਨਹੀਂ ਸਾਧਿਆ ਗਿਆ।

**ਮਨ ਨਿਰਮਲੁ ਨਹੀ ਦਸਵੈ ਦੁਆਰ ॥** [ਬਸੰਤੁ ਮਹਲਾ ੩, ਅੰਗ ੧੧੬੯]

ਇਸ ਨੂੰ ਭੁਅੰਗਮਾ ਨਾੜੀ ਇਸ ਲਈ ਕਿਹਾ ਜਾਂਦਾ ਹੈ ਭੁਯੰਗ=ਨਾਮ ਸੱਪ ਦਾ ਹੁੰਦਾ ਹੈ ਸੱਪ ਦੀ ਤਰ੍ਹਾਂ ਵਲ ਮਾਰ ਕੇ ਮੂਲ ਅਸਥਾਨ ਤੋਂ ਰੀੜ੍ਹ ਦੀ ਹੱਡੀ ਦੇ ਨਾਲ-ਨਾਲ ਦਸਵੇਂ ਦੁਆਰ ਨੂੰ ਜਾਂਦੀ ਹੈ। ਛੇ ਅਸਥਾਨਾਂ 'ਤੇ ਛੇ ਕਿਸਮ ਦੇ ਚੱਕਰ ਫੁੱਲਾਂ ਦੀ ਤਰ੍ਹਾਂ ਜਿਸ ਨੇ ਬਣਾਏ ਹੋਏ ਹਨ। ਜੋਗ ਪ੍ਰਕ੍ਰਿਆ ਵਿੱਚ ਇਸ ਨੂੰ ਸਾਧਨ ਦੇ ਤਰੀਕੇ ਦਿੱਤੇ ਹੋਏ ਹਨ ਜੋ ਵਿਆਖਿਆ ਦੇ ਵਧਣ ਦੇ ਭੈ ਕਰਕੇ ਨਹੀਂ ਲਿਖੇ; ਇਥੇ ਇਹ ਹੀ ਕਾਫੀ ਹੈ ਕਿ ਭੁਅੰਗਮਾ ਨਾੜੀ ਨੂੰ ਸਾਧ ਕੇ ਦਸਮ ਦੁਆਰ ਭੀ ਪ੍ਰਾਣ ਠਹਿਰਾਏ ਪਰ ਮਨ ਵਿੱਚ ਪੰਜ ਪ੍ਰਕਾਰ ਦੇ ਵਿਸ਼ਿਆਂ ਦੀ ਮੈਲ ਜਿਉਂ ਦੀ ਤਿਉਂ ਰਹੀ। ਜਿਹੜੇ ਲੋਕ ਕੇਵਲ ਵੇਦਾਂ ਦਾ ਪਾਠ ਅਤੇ ਵਿਆਕਰਣ ਵਿਚਾਰਨ ਵਾਲੇ ਸਨ ਅਮਲ ਕੀਤੇ ਤੋਂ ਬਿਨਾਂ ਪੜ੍ਹਨਾ ਵਿਚਾਰਨਾ ਕਿਸੇ ਅਰਥ ਨਹੀਂ ਉਹਨਾਂ ਦੇ ਲਈ ਗੁਰਬਾਣੀ ਵਿੱਚ ਅਨੇਕਾਂ ਥਾਵਾਂ 'ਤੇ ਐਸੀ ਕਿਰਿਆ ਨੂੰ ਖੰਡਨ ਕੀਤਾ ਹੈ।

ਯਥਾ— **ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥**
**ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥**
[ਮਾਰੂ ਬਾਣੀ ਕਬੀਰ ਜੀ, ਅੰਗ ੧੧੦੩]

ਜੇ ਪਾਠਕ ਨੇ ਕੇਵਲ ਮਾਇਆ ਦੇ ਮਨੋਰਥ ਲਈ ਹੀ ਪਾਠ ਕੀਤਾ ਹੈ ਭਾਵੇਂ ਬੇਦ ਦਾ ਪਾਠ ਹੈ ਭਾਵੇਂ ਗੁਰਬਾਣੀ ਦਾ ਜੇ ਨਾਮ ਨਹੀਂ ਜਾਣਿਆ ਤਾਂ ਇਸ ਦਾ ਗੁਰਮਤਿ ਸਿਧਾਂਤ ਵਿੱਚ ਖੰਡਨ ਹੈ।

ਯਥਾ— **੧. ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥**
**ਮਾਇਆ ਕਾਰਣਿ ਪੜਿ ਪੜਿ ਲੂਝਹਿ ॥** [ਮਾਰੂ ਮਹਲਾ ੩, ਅੰਗ ੧੦੫੦]

**੨. ਬੇਦ ਪੜਹਿ ਪੜਿ ਬਾਦੁ ਵਖਾਣਹਿ ॥**
**ਘਟਿ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥** [ਮਾਰੂ ਮਹਲਾ ੩, ਅੰਗ ੧੦੫੮]

**੩. ਕਿਆ ਪੜੀਐ ਕਿਆ ਗੁਨੀਐ ॥**
**ਕਿਆ ਬੇਦ ਪੁਰਾਨਾਂ ਸੁਨੀਐ ॥**
**ਪੜੇ ਸੁਨੇ ਕਿਆ ਹੋਈ ॥**
**ਜਉ ਸਹਜ ਨ ਮਿਲਿਓ ਸੋਈ ॥** [ਸੋਰਠਿ ਬਾਣੀ ਕਬੀਰ ਜੀ, ਅੰਗ ੬੫੫]

ਸੋ ਇਥੇ ਬੇਦ ਪਾਠ ਔਰ ਹਠ ਪ੍ਰਕ੍ਰਿਆ ਸਾਧਨ ਵਾਲਿਆਂ ਨੂੰ ਪੁੱਛਿਆ ਹੈ ਕਿ ਇਹਨਾਂ ਦਾ ਕੀ ਲਾਭ ਹੈ ਜਦੋਂ ਕਿ :—

PDF created with pdfFactory Pro trial version www.pdffactory.com

## ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥

ਪੰਚ=ਪੰਜ ਵਿਸ਼ੇ ਜਨਾ=ਜਣੇ ਭਾਵ ਪੈਦਾ ਹੋਏ ਤਾਂ ਉਨ੍ਹਾਂ ਸਿਉ=ਨਾਲ ਸੰਗੁ=ਸਾਥ ਨ ਛੁਟਕਿਓ=ਨਹੀਂ ਛੁਟਿਆ ਬਲਕਿ ਅਧਿਕ=ਬਹੁਤ ਹੀ ਅਹੰਬੁਧਿ=ਹੰਗਤਾ ਵਾਲੀ ਬੁਧ ਹੋਣ ਕਰਕੇ ਬਾਧੇ=ਬੰਨ੍ਹੇ ਗਏ।

## ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥

ਮੈ=ਮਮਤਾ ਦੇ ਵਸ ਹੋ ਕੇ ਇਨ੍ਹਾਂ ਜੀਵਾਂ ਨੇ ਅਨੇਕਾਂ ਹੀ ਫੋਕਟ ਕਰਮ ਕੀਤੇ ਪਰ ਇਸ ਬਿਧਿ=ਜੁਗਤੀ ਕਰਕੇ ਪਿਆਰੇ ਪ੍ਰਮਾਤਮਾ ਨੂੰ ਮਿਲਣਾ ਨਹੀਂ ਪਾਇਆ ਜਾਂਦਾ। ਅਥਵਾ ਇਨ੍ਹਾਂ ਕਰਮਾਂ ਕਰਕੇ ਮਿਲਣਾ ਨਹੀਂ ਹੋਵੇਗਾ।

ਪ੍ਰਸ਼ਨ :—ਪ੍ਰਮਾਤਮਾ ਦਾ ਮਿਲਾਪ ਕਿਸ ਪ੍ਰਕਾਰ ਹੋਵੇ ?

ਉੱਤਰ :—ਇਸ ਪ੍ਰਕਾਰ ਦੀ ਬੇਨਤੀ ਕਰੇ।

## ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥

ਹੇ ਸੁਆਮੀ=ਮਾਲਕ ਵਾਹਿਗੁਰੂ ਮੈਂ ਸਾਰੇ ਫੋਕਟ ਕਰਮਾਂ ਤੋਂ ਹਾਰ ਕੇ ਆਪ ਜੀ ਦੇ ਦੁਆਰੈ=ਸਤਸੰਗ ਦਰਵਾਜੇ 'ਤੇ ਪਰਿਓ=ਪਿਆ ਹਾਂ; ਆਪ ਕ੍ਰਿਪਾ ਕਰਕੇ ਬਿਬੇਕਾ=ਬਿਬ+ਇਕ=ਦੋ ਤੋਂ ਇਕ ਭਾਵ ਜੀਵ ਬ੍ਰਹਮ ਦੇ ਇਕ ਹੋਣ ਵਾਲੀ ਬੁਧਿ=ਬੁਧੀ ਦੀਜੈ=ਦੇਣਾ ਕਰੋ।

## ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥

ਫੋਕਟ ਕਰਮ ਦਾ ਤਿਆਗ ਦਰਸਾਉਂਦੇ ਹੋਏ ਫੁਰਮਾਉਂਦੇ ਹਨ ਕਿ ਜੁਬਾਨ ਬੰਦ ਕਰ ਲਈ ਤੇ ਮਨ ਬੋਲਦਾ ਰਿਹਾ। ਅਜਿਹੇ ਮੋਨ ਦਾ ਖੰਡਨ ਹੈ; ਇਹ ਦਿਖਾਵੇ ਦਾ ਕਰਮ ਕਰਦਾ ਹੋਇਆ ਜਿਥੇ ਬੋਲਣ ਦਾ ਤਿਆਗ ਕੀਤਾ ਉਥੇ ਸਾਰੇ ਬਰਤਨਾਂ ਦਾ ਤਿਆਗ ਕਰਕੇ ਕਰਪਾਤੀ=ਹੱਥਾਂ ਨੂੰ ਪਾਤਰ ਬਣਾ ਕੇ ਉਸ ਵਿੱਚ ਭੋਜਨ ਛਕਦਾ ਰਿਹਾ। ਨਗਨ=ਨਗਨ ਹੋ ਕੇ ਬਨਾਂ ਵਿੱਚ ਫਿਰਿਓ=ਫਿਰਦਾ ਰਿਹਾ। ਬੋਲਣ ਦਾ ਤਿਆਗ ਕੀਤਾ, ਬਸਤਰਾਂ ਦਾ ਤਿਆਗ ਤੇ ਬਰਤਨਾਂ ਦਾ ਤਿਆਗ ਕੀਤਾ ਪਰ ਮਨ ਦੇ ਵਿਕਾਰਾਂ ਦਾ ਤਿਆਗ ਨਹੀਂ ਕੀਤਾ ਇਸ ਲਈ ਗੁਰਮਤਿ ਨੇ ਇਹਨਾਂ ਕਰਮਾਂ ਦਾ ਖੰਡਨ ਕੀਤਾ ਹੈ।

## ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥

ਭਾਵੇਂ ਤੀਰਥਾਂ ਦੇ ਤਟ=ਕਿਨਾਰਿਆਂ 'ਤੇ ਭਾਵੇਂ ਸਾਰੀ ਪ੍ਰਥਵੀ ਪਰ ਭ੍ਰਮਿਓ=ਫਿਰਦਾ ਰਿਹਾ, ਇਹ ਕਰਮ ਕਰਨ ਦੇ ਨਾਲ ਦੁਬਿਧਾ=ਉਹ ਹਾਲਤ ਜਦੋਂ ਇੱਕੋ ਹੀ ਮਨ ਦੋ ਰਾਹਾਂ 'ਤੇ ਆ ਜਾਵੇ ਦੋਬਿਧਾ, ਦੋ ਬਿਧਾਂ, ਦੋ ਰੀਤਾਂ, ਦੋ ਢੰਗ ਜਿਸ ਵੀਚਾਰ ਵਿੱਚ ਇੱਕ ਸੱਤ ਦੀ ਅੰਸ ਅਤੇ ਦੂਜਾ ਝੂਠ ਦਾ ਹਿੱਸਾ ਆ ਜਾਵੇ ਔਰ ਨਿਰਨਾ ਨਾ ਹੋ ਸਕੇ ਕਿ ਸੱਤ ਕੀ ਹੈ ਤੇ ਅਸੱਤ ਕੀ ਹੈ, ਉਸਨੂੰ ਦੁਬਿਧਾ ਕਹਿੰਦੇ ਹਨ। ਛੁਟਕੈ ਨਾਹੀ=ਦੁਬਿਧਾ ਵਲੋਂ ਇਨ੍ਹਾਂ ਦਿਖਾਵੇ ਦੇ ਕਰਮਾਂ ਕਰਕੇ ਛੁਟਕਾਰਾ ਨਹੀਂ ਹੁੰਦਾ।

## ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥

ਕਰਵਤ [ਨੋਟ :—ਇਹ ਪਾਠ ਕਰਵੱਤ ਉਚਾਰਨ ਕਰਨਾ ਹੈ] ਕਰਵਤ=ਸੰਸਕ੍ਰਿਤ ਵਿੱਚ ਕਰਪੱਤਰ ਸੰਗਯਾ= ਆਰਾ ਲੱਕੜੀ ਚੀਰਨ ਦਾ ਇੱਕ ਦੰਦੇਦਾਰ ਸੰਦ। ਦੂਸਰਾ ਅਰਥ ਪੁਰਾਣੇ ਸਮੇਂ ਕਾਸ਼ੀ ਅਤੇ ਪਰਾਗ ਵਿੱਚ ਇਕ ਆਰਾ ਸੀ ਜਿਸ ਦੇ ਹੇਠਾਂ ਮੁਕਤ ਪਾਉਣ ਲਈ ਅਨੇਕਾਂ ਲੋਕ ਕੱਟ ਮਰਦੇ ਸਨ।

ਯਥਾ— **ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥** [ਸਿਰੀਰਾਗੁ ਮਹਲਾ ੧, ਅੰਗ ੬੨]

PDF created with pdfFactory Pro trial version www.pdffactory.com

ਇਹ ਸਭ ਲਾਲਚੀ ਬ੍ਰਾਹਮਣ ਦਾ ਫੈਲਾਇਆ ਕਰਮ ਜਾਲ ਜਿਸ ਵਿੱਚ ਮਨੁਖਤਾ ਦਾ ਘਾਣ ਹੋਇਆ ਇਹ ਕੁਰੀਤੀ ਅੰਗਰੇਜੀ ਰਾਜ ਵੇਲੇ ਸਦਾ ਲਈ ਬੰਦ ਕੀਤੀ ਗਈ ਜਦੋਂ ਇਹ ਪਤਾ ਚੱਲਿਆ ਕਿ ਮਰਨ ਵਾਲਿਆਂ ਵਿੱਚ ਕੋਈ ਵੀ ਬ੍ਰਾਹਮਣ ਨਹੀਂ, ਸਾਰੇ ਹੀ ਹੋਰ ਜਾਤਾਂ ਦੇ ਲੋਕ ਹਨ।

ਭਾਵੇਂ ਕੋਈ ਸਿਰ 'ਤੇ ਕਰਵਤ=ਆਰਾ ਧਰਾਇ=ਧਰਾ ਕੇ ਚਿਰਾ ਲਵੇ, ਭਾਵੇਂ ਮਨ ਦੀਆਂ ਕਾਮਨਾਂ ਅਨੁਸਾਰ ਤੀਰਥਾਂ 'ਤੇ ਜਾ ਕਰਕੇ ਬਸਿਓ=ਵਾਸ ਕਰੇ ਇਸ ਕਰਮ ਕਰਨ ਨਾਲ ਭੀ

## ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥

ਇਸ ਤਰ੍ਹਾਂ ਦੇ ਲੱਖਾਂ ਜਤਨ=ਉਪਾਅ ਕਰਨ ਨਾਲ ਭੀ ਮਨ ਨੂੰ ਲੱਗੀ ਹੋਈ ਰਾਗ ਦਵੈਸ਼ ਦੀ ਮੈਲ ਨਹੀਂ ਉਤਰਦੀ। ਮਨ ਕਾਮਨਾ ਦਾ ਭਾਵ ਮਨੀਕਰਨ ਤੀਰਥ ਭੀ ਸੰਪਰਦਾਈ ਵਿਚਾਰਧਾਰਾ ਵਿੱਚ ਮੰਨਿਆ ਹੈ। ਇਹ ਤੀਰਥ ਨੈਮਿਖਯ ਬਨ ਵਿੱਚ ਹੈ ਇਸ ਦੀ ਬਾਬਤ ਕਹਿੰਦੇ ਹਨ ਕਿ ਪਰਸਨ ਵਾਲੇ ਦੀ ਸਾਰੀ ਕਾਮਨਾ ਪੂਰੀ ਹੁੰਦੀ ਹੈ।

ਇਕ ਇਸੇ ਨਾਮ ਵਾਲਾ ਤੀਰਥ 'ਕੁਲੂ' ਦੇ ਇਲਾਕੇ ਵਿੱਚ ਭੂੰਤਰ ਪਿੜਾਂ ਤੋਂ ੧੨ ਕੋਹ ਦੱਖਣ ਵੱਲ ਨੂੰ 'ਪਾਰਬਤੀ' ਨਦੀ ਦੇ ਕੰਢੇ ਉਤੇ ਭੀ ਹੈ।

## ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥

ਭਾਵੇਂ ਕਨਿਕ=ਸੋਨਾ, ਕਾਮਿਨੀ=ਇਸਤਰੀ, ਸੋਨੇ ਦੇ ਗਹਿਣਿਆ ਸਮੇਤ ਭਾਵੇਂ ਇਸਤਰੀ ਦਾਨ ਕਰ ਦੇਵੇ

**ਅਰਪੈ ਨਾਰਿ ਸੀਗਾਰ ਸਮੇਤਿ ॥** [ਗੋਂਡ ਬਾਣੀ ਰਵਿਦਾਸ ਜੀ ਅੰਗ ੮੭੫]

ਹੈਵਰ=ਹੈ=ਘੋੜੇ ਵਰ=ਸਰੇਸ਼ਟ ਭਾਵ ਸਰੇਸ਼ਟ ਘੋੜੇ, ਗੈ=ਹਾਥੀ, ਵਰ=ਸਰੇਸ਼ਟ ਭਾਵ ਸਰੇਸ਼ਟ ਹਾਥੀ ਇਸ ਤਰ੍ਹਾਂ ਬਹੁ ਬਿਧਿ=ਬਹੁਤ ਪ੍ਰਕਾਰ ਦੇ ਦਾਨ ਨੂੰ ਦਾਤਾਰ=ਦੇਣ ਵਾਲਾ ਬਣ ਬੈਠੇ।

## ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥

ਅੰਨ=ਅਨਾਜ, ਬਸਤ੍ਰ=ਕੱਪੜੇ ਭੂਮਿ=ਜਮੀਨ ਬਹੁ=ਬਹੁਤ ਕਿਸਮ ਦੇ ਅਰਪੇ=ਅਰਪਨਾ ਭਾਵ ਦੇਣਾ ਕਰੇ। ਇਤਨੇ ਕਿਸਮ ਦਾ ਦਾਨ ਕਰਨ ਨਾਲ ਭੀ ਹਰੀ ਪ੍ਰਮੇਸ਼ਰ ਵਾਹਿਗੁਰੂ ਦਾ ਦੁਆਰਾ=ਦਰਵਾਜ਼ਾ ਭਾਵ ਗਿਆਨ ਨਹੀਂ ਮਿਲਦਾ ਅਥਵਾ ਇਨ੍ਹਾਂ ਕਰਮਾਂ ਦੁਆਰਾ ਵਾਹਿਗੁਰੂ ਨਹੀਂ ਮਿਲਦਾ।

## ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥

ਭਾਵੇਂ ਅਰਚਾ=ਮੂਰਤੀ ਦਾ ਪੂਜਨ ਕਰੇ ਅਥਵਾ ਪੂਜਾ ਭੀ ਕਰੇ ਅਰਚਾ=ਚੰਦਨ ਦਾ ਛਿੜਕਾ ਕਰੇ ਚਾਹੇ ਡੰਡਉਤ ਬੰਦਨਾ ਕਰੇ ਭਾਵ ਡੰਡਾ ਵਤ ਲੰਮਾ ਪੈ ਕੇ ਬੰਦਨ=ਨਮਸਕਾਰ ਕਰੇ। ਭਾਵੇਂ ਖਟ-ਛੇ ਕਰਮਾਂ=ਕਰਮ ਕਰੇ। ਛੇ ਕਰਮ ਇਹ ਹਨ :—੧. ਪੜ੍ਹਨਾ ੨. ਪੜ੍ਹਾਉਣਾ ੩. ਜੱਗ ਕਰਨਾ ੪. ਜੱਗ ਕਰਾਉਣਾ ੫. ਦਾਨ ਦੇਣਾ ੬. ਦਾਨ ਲੈਣਾ, ਬ੍ਰਾਹਮਣ ਦੇ ਨਿਤ ਕਰਮ ਇਹ ਹਨ।

੧. ਹੋਮ ੨. ਸੰਧਿਆ ੩. ਜਪੁ ੪. ਇਸ਼ਨਾਨ ੫. ਅਥਿਤ ਪੂਜਾ ੬. ਅਰਚਨ।

ਯਥਾ— **ਹੋਮ, ਸੰਧਿਆ, ਜਪੁ, ਸ਼ਨਾਨ ਪੰਚਮ ਪੂਜ ਅਥਿਤ ॥**
**ਦੇਵ ਅਰਚਨ ਹੈ ਖਸਟਮੋ, ਖਟਹਿ ਕਰਮ ਇਹ ਨਿਤ ॥** [ਸਮ ਅਰਥ ਕੋਸ਼]

ਇਨ੍ਹਾਂ ਖਟ=ਛੇ ਕਰਮਾਂ ਨਾਲ ਰਤੁ=ਪ੍ਰੀਤੀ ਕਰਨ ਵਿੱਚ ਰਤੁ=ਤਦਾਕਾਰ ਹੋਇਆ ਰਹੇ; ਇਸ ਜੁਗਤੀ ਨਾਲ ਭੀ ਪ੍ਰਮਾਤਮਾ ਨਹੀਂ ਮਿਲਦਾ।

PDF created with pdfFactory Pro trial version www.pdffactory.com

## ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥

ਹਉ ਹਉ=ਮੈਂ ਮੈਂ ਕਰਦਾ ਹੋਇਆ ਭਾਵ ਇਹਨਾਂ ਕਰਮਾਂ ਦੀ ਹੰਗਤਾ ਕਰਦਾ ਹੋਇਆ ਜੰਮਣ ਮਰਨ ਦੇ ਬੰਧਨ ਵਿਚ ਪਰਿਆ=ਪੈ ਗਿਆ। ਇਸ ਜੁਗਤੀ ਕਰਕੇ ਭੀ ਵਾਹਿਗੁਰੂ ਨਹੀਂ ਮਿਲਦਾ।

## ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥

ਜੋਗ ਸਿਧੀ ਵਾਸਤੇ ਚੌਰਾਸੀ ਪ੍ਰਕਾਰ ਦੇ ਜੋ ਆਸਣ ਹਨ ਚਾਹੇ ਇਹਨਾਂ ਨੂੰ ਭੀ ਵਾਰ-ਵਾਰ ਕਰਦਾ ਰਿਹਾ।

## ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥

ਜੋਗ ਦੇ ਬਲ ਕਰਕੇ ਵੱਡੀ ਉਮਰ ਭੀ ਕਰ ਲਈ ਪਰ ਹਰਿ=ਵਾਹਿਗੁਰੂ ਦਾ ਸੰਗੁ=ਸੰਬੰਧ ਨਾ ਗ੍ਰਹਿਣ ਕੀਤਾ। ਇਸ ਕਰਕੇ ਫਿਰਿ ਫਿਰਿ=ਵਾਰ-ਵਾਰ ਜੰਮਦਾ ਤੇ ਮਰਦਾ ਰਿਹਾ।

## ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥

ਰਾਜਿਆਂ ਦੀ ਰਚਨਾ=ਠਾਠ ਬਾਠ ਭਾਵ ਰਜੋ ਗੁਣ ਸਮੱਗਰੀ ਦੀ ਰਚਨਾ ਕਰਕੇ ਬਣਾ ਕੇ ਬੈਠਣਾ ਕਰੇ; ਰਾਜ ਲੀਲਾ=ਰਾਜ ਕੌਤਕ ਸ਼ਿਕਾਰ ਆਦਿ ਖੇਡਣੇ; ਕੁੱਤੇ, ਬਾਜ, ਕਬੂਤਰ ਰੱਖਣੇ ਤੇ ਅਨੇਕਾਂ ਪ੍ਰਕਾਰ ਦੇ ਚੋਜ ਆਦਿ ਕਰਨੇ ਤੇ ਪਰਜਾ ਉਤੇ ਹੁਕਮ ਅਫਾਰਾ=ਅਮੋੜ ਜਿਸ ਨੂੰ ਕੋਈ ਮੋੜ ਨਾ ਸਕੇ, ਚਲਾ ਰਹੇ ਹੋਣ।

## ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥

ਸੇਜ=ਸੰਸਕ੍ਰਿਤ-ਸਯਜ। ਪ੍ਰਾਕ੍ਰਿਤ, ਸੇਜਾ। ਪੰਜਾਬੀ, ਸੇਜ, ਸਿਹਜਾ-ਸੌਣ ਦੀ ਥਾਂ ਭਾਵ ਪਲੰਘ, ਦਰੀ, ਚਾਦਰ, ਤਲਾਈ, ਸਿਰ੍ਹਾਣਾ ਇਕੱਠੇ ਨੂੰ ਸੇਜਾ ਕਹਿ ਦਿੰਦੇ ਹਨ। ਸੁੰਦਰ ਵਛਾਈਆਂ ਉਤੇ ਸੌਣਾ ਜਿਸ ਉਤੇ ਚੰਦਨ ਆਦਿਕ ਸੁਗੰਧੀਆਂ ਦਾ ਚੋਆ=ਚੁਆ ਕੇ ਛਿੜਕਣਾ, ਇਹ ਸਭ ਸਰੀਰਕ ਸੁਖ ਦੇਣ ਵਾਲੇ ਪਦਾਰਥਾਂ ਨੂੰ ਘੋਰ=ਭਿਆਨਕ ਕੁੰਭੀ ਨਰਕ ਦਾ ਦੁਆਰਾ=ਦਰਵਾਜ਼ਾ ਮੰਨਿਆ ਹੈ। ਨਾਮ ਤੋਂ ਬਿਨਾਂ ਉਪਰ ਦੱਸੇ ਸਭ ਕਰਮ ਇਸ ਸ਼ਬਦ ਵਿਚ ਨਿਸਫਲ ਦੱਸੇ ਹਨ।

ਪ੍ਰਸ਼ਨ :—**ਜਗਿਆਸੂ ਨੂੰ ਕਿਹੜਾ ਕਰਮ ਕਰਨਾ ਸ੍ਰੇਸ਼ਟ ਹੈ—**

## ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥

ਸਾਧਸੰਗਤਿ=ਸਤਿਸੰਗਤ ਦੁਆਰੇ ਜੋ ਹਰਿ=ਵਾਹਿਗੁਰੂ ਦਾ ਕੀਰਤਿ=ਜਸ ਕਰਨਾ ਹੈ, ਇਹੁ ਕਰਮਾਂ=ਕਰਮਾ ਸਿਰਿ=ਸਿਰੋਮਣ ਭਾਵ ਸ਼ਿਰੋਮਣੀ ਕਰਮ ਹੈ। ਪ੍ਰਾਪਤ ਕਿਸ ਨੂੰ ਹੁੰਦਾ ਹੈ ?

## ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਤਿਸੁ=ਉਸ ਪੁਰਸ਼ ਨੂੰ ਇਸ ਕਰਮ ਦੀ ਪ੍ਰਾਪਤੀ ਹੋਈ ਹੈ। ਜਿਸਨੂੰ ਪੁਰਬ=ਪੂਰਬਲੇ ਲਿਖੇ ਹੋਏ ਸ੍ਰੇਸ਼ਟ ਕਰਮਾਂ ਦਾ ਲਹਨਾ=ਲੈਣਾ ਪ੍ਰਾਪਤ ਹੋਇਆ ਹੈ। ਕਲਜੁਗ ਵਿਚ ਸ਼੍ਰੋਮਣੀ ਕਰਮ ਕੀਰਤਨ ਦੇ ਅਨੇਕਾਂ ਪ੍ਰਮਾਣ ਹੋਰ ਭੀ ਹਨ।

ਯਥਾ— **੧. ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥**

[ਮਾਰੂ ਸੋਲਹੇ ਮਃ ੫, ਅੰਗ ੧੦੭੫]

PDF created with pdfFactory Pro trial version www.pdffactory.com

**੨. ਸਾਧਸੰਗਿ ਕਲਿ ਕੀਰਤਨੁ ਗਾਇਆ॥ ਨਾਨਕ ਤੇ ਤੇ ਬਹੁਰਿ ਨ ਆਇਆ॥**

[ਗਉੜੀ ਮਃ ੫, ਅੰਗ ੨੫੩]

**੩. ਸਾਧਸੰਗਿ ਹਰਿ ਕੀਰਤਨੁ ਗਾਈਐ॥ ਕਹੁ ਨਾਨਕ ਵਡਭਾਗੀ ਪਾਈਐ॥**

[ਗਉੜੀ ਮਃ ੫, ਅੰਗ ੧੭੯]

**੪. ਸਾਧਸੰਗਿ ਹਰਿ ਕੀਰਤਨੁ ਗਾਈਐ॥ ਇਹੁ ਅਸਥਾਨੁ ਗੁਰੂ ਤੇ ਪਾਈਐ॥**

[ਆਸਾ ਮਃ ੫, ਅੰਗ ੩੯੫]

**੫. ਜਮਦੂਤੁ ਤਿਸੁ ਨਿਕਟਿ ਨ ਆਵੈ। ਸਾਧਸੰਗਿ ਹਰਿ ਕੀਰਤਨੁ ਗਾਵੈ॥**

[ਮਾਰੂ ਸੋਹਲੇ ਮਃ ੫, ਅੰਗ ੧੦੭੯]

## ***ਤੇਰੋ ਸੇਵਕੁ ਇਹ ਰੰਗਿ ਮਾਤਾ ॥***

ਹੇ ਵਾਹਿਗੁਰੂ ਤੇਰੋ=ਤੇਰਾ ਸੇਵਕੁ=ਸੇਵਾ ਕਰਨ ਵਾਲਾ ਸਿੱਖ ਇਹੁ ਰੰਗਿ=ਪ੍ਰੇਮ ਮਾਤਾ=ਮਸਤ ਹੋਇਆ ਹੈ।

## ***ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥੧॥੩॥***

ਅਨਵੇਂ :—ਉਹ ਹਰਿ=ਵਾਹਿਗੁਰੂ ਜੋ ਹਰਿ=ਹਰ ਇਕ ਦੇ ਅੰਦਰ ਹੈ, ਦੀਨ=ਦੁਖੀ ਅਥਵਾ ਗਰੀਬ, ਯਤੀਮਾਂ ਦੇ ਦੁਖਾਂ ਨੂੰ ਭੰਜਨੁ=ਭੰਨਣ ਵਾਲਾ ਭਾਵ ਨਾਸ ਕਰਨ ਵਾਲਾ, ਕ੍ਰਿਪਾਲ-ਕ੍ਰਿਪਾ+ਆਲਾ=ਕਿਰਪਾ ਦੇ ਘਰ ਵਾਹਿਗੁਰੂ ਕ੍ਰਿਪਾਲੂ ਹੋਇਆ ਹੈ ਉਸਦਾ ਇਹ ਚੰਚਲ ਮਨ ਐਸੇ ਪ੍ਰਮਾਤਮਾ ਦੇ ਕੀਰਤਨਿ=ਜਸ ਵਿੱਚ ਰਾਤਾ=ਪ੍ਰੀਤਵਾਨ ਹੋਇਆ ਹੈ। ਸਤਿਗੁਰੂ ਜੀ ਨੇ ਇਸ ਸਾਰੇ ਸ਼ਬਦ ਵਿਚ ਕਰਮ-ਕਾਂਡ ਆਦਿ ਦਾ ਵਰਨਣ ਕਰਕੇ ਦੱਸਿਆ ਹੈ, ਅਖੀਰਲੀਆਂ ਦੋ ਤੁਕਾਂ ਵਿਚ ਸਾਰੇ ਸ਼ਬਦ ਦਾ ਤਾਤ ਪਰਜ=ਸਿਧਾਂਤ ਹੈ ਕਿ ਨਾਮ ਤੋਂ ਬਿਨਾਂ ਜੋ ਭੀ ਸਾਧਨ ਹਨ ਸਭ ਨਿਸਫਲ ਹਨ ਜੇਕਰ ਨਾਮ ਜਪਿਆ ਜਾਵੇ ਤਾਂ ਸਫਲਤਾ ਹੈ ਇਸ ਕਰਕੇ ਰਹਾਉ ਦੂਜਾ, ਇਸ ਵਾਸਤੇ ਲਿਖਿਆ ਜਿਵੇਂ ਕੋਈ ਏਕਾ ਤੇ ਜੀਰੋ। ਬਿੰਦੀਆਂ। ਲਾਈ ਜਾਵੇ ਪਰ ਏਕੇ ਤੋਂ ਬਿਨਾਂ ਉਹਨਾਂ ਦੀ ਬੁਕਤ ਨਹੀਂ; ਏਕੇ ਨਾਲ ਉਹਨਾਂ ਦੀ ਕਦਰ ਹੁੰਦੀ ਹੈ, ਇਸੇ ਤਰ੍ਹਾਂ ਨਾਮ ਤੋਂ ਬਿਨਾਂ ਸਭ ਸਾਧਨ ਜੀਰੋ ਹਨ ਨਾਮ ਨਾਲ ਸਭ ਸਾਧਨ ਸਫਲੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com